**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ,ਪੰਜਾਬ ,ਐਸ.ਏ.ਐਸ.ਨਗਰ**

**ਪੰਜਵੀਂ ਮੰਜਿਲ,ਈ-ਬਲਾਕ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ-8, ਸਅਸ ਨਗਰ**

**(ਵਜੀਫਾ ਸ਼ਾਖਾ)**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),

ਪੰਜਾਬ ਰਾਜ ।

ਮੀਮੋ ਨੰ: E- 368261/20222। ੩੧੧੪

ਮਿਤੀ: 11-08-2022

**ਵਿਸ਼ਾ:-** **55 ਅਵਾਰਡ ਟੂ ਐਸ.ਸੀ. ਸਪੋਰਟਸ ਸਕੀਮ ਅਧੀਨ ਸਟੂਡੈਂਟਸ (6ਵੀ ਤੋਂ 12 ਵੀਂ ਕਲਾਸ ਤੱਕ) ਨੂੰ ਵਿਦਿਅਕ ਵਰ੍ਹਾ/ਸਾਲ 2022-23 ਦੌਰਾਨ ਵਜੀਫਾ ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਸਕੀਮ ਅਧੀਨ ਹਰ ਇੱਕ ਵਿਦਿਅਕ ਬਲਾਕ ਪੱਧਰ ਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ ਜਿਹੜੇ ਖੇਡਾਂ ਵਿੱਚ ਪਹਿਲੀਆਂ 3 ਪੁਜੀਸ਼ਨਾਂ ਪ੍ਰਾਪਤ ਕਰਨਗੇ ਨੂੰ ਪ੍ਰਾਈਮਰੀ, ਮਿਡਲ ਅਤੇ ਹਾਇਰ ਪੱਧਰ ਤੇ 3 ਲੜਕੇ ਅਤੇ 3 ਲੜਕੀਆਂ ਨੂੰ ਵਜੀਫਾ ਦਿੱਤਾ ਜਾਣਾ ਹੈ । ਇਸ ਸਕੀਮ ਤਹਿਤ ਜਿਹੜੇ ਖਿਡਾਰੀ ਵਿਦਿਆਰਥੀ 5ਵੀਂ ਕਲਾਸ ਵਿੱਚ ਵਿਦਿਅਕ ਬਲਾਕ ਪੱਧਰ ਤੇ ਖੇਡਦੇ ਹਨ, ਉਹਨਾਂ ਨੂੰ 3 ਸਾਲ (6ਵੀਂ ਤੋਂ 8ਵੀਂ ਕਲਾਸ ਵਿੱਚ) 500 ਰੁ: ਸਲਾਨਾ ਅਤੇ ਜਿਹੜੇ 8ਵੀਂ ਕਲਾਸ ਵਿੱਚ ਖੇਡਦੇ ਹਨ ਉਹਨਾ ਨੂੰ 2 ਸਾਲ (9ਵੀਂ ਅਤੇ 10ਵੀਂ ਕਲਾਸ ਲਈ) 750 ਰੁ: ਸਲਾਨਾ ਅਤੇ ਜਿਹੜੇ 10ਵੀਂ ਕਲਾਸ ਵਿੱਚ ਖੇਡਦੇ ਹਨ ਉਹਨਾਂ ਨੂੰ 2 ਸਾਲ (11ਵੀਂ ਅਤੇ 12ਵੀਂ ਕਲਾਸ ਵਿੱਚ) 1000 ਰੁ: ਸਾਲਾਨਾ ਵਜੀਫੇ ਦੀ ਰਾਸ਼ੀ ਦਿੱਤੀ ਜਾਣੀ ਹੈ।

2.0 ਪ੍ਰੋਫਾਰਮੇ ਵਿੱਚ ਨਿਊ ਲਿਖ ਕੇ ਦਰਸਾਉਣਾ ਹੈ ਅਤੇ ਪਿਛਲੇ ਸਾਲਾਂ ਦੇ ਇਹਨਾ ਕਲਾਸਾਂ ਦੇ ਬੱਚਿਆਂ ਨੂੰ ਹੀ ਅਗਲੀ ਜਮਾਤ ਲਈ ਰੀਨਿਊ ਕਰਕੇ ਵਜੀਫਾ ਉਪਰੋਕਤ ਦਰਸਾਏ ਰੇਟ ਅਨੁਸਾਰ ਹੀ ਦਿੱਤਾ ਜਾਣਾ ਹੈ । ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਜੇਕਰ ਕੋਈ ਵਿਦਿਆਰਥੀ ਇਸ ਦੌਰਾਨ ਫੇਲ ਹੋ ਜਾਂਦਾ ਹੈ ਤਾਂ ਉਸ ਨੂੰ ਅਗਲੀ ਜਮਾਤ ਲਈ ਵਜੀਫਾ ਨਹੀਂ ਮਿਲੇਗਾ।

3.0 ਜਿੰਨਾਂ ਖੇਡਾਂ ਨੂੰ ਇਸ ਸਕੀਮ ਤਹਿਤ ਸ਼ਾਮਿਲ ਕੀਤਾ ਗਿਆ ਹੈ, ਉਹ ਹੇਠ ਦਰਸਾਏ ਅਨੁਸਾਰ ਹਨ:-

ਕਬੱਡੀ, ਖੋ-ਖੋ, ਐਥਲੈਟਿਕਸ, (ਹਾਈਜੰਪ, ਲੌਂਗਜੰਪ, 100 ਮੀਟਰ ਸਪਰਿੰਟ, 400 ਮੀਟਰ ਸਪਰਿੰਟ),ਜਿਮਨਾਸਟਿਕ ।

4.0 ਉਕਤ ਅਨੁਸਾਰ ਹੀ ਈ-ਪੰਜਾਬ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਜਿਲ੍ਹਾ ਪੱਧਰ ਤੇ ਅਪਲਾਈ ਕੀਤਾ ਜਾਣਾ ਹੈ । ਆਪਣੇ – ਆਪਣੇ ਜਿਲ੍ਹੇ ਦੇ ਯੋਗ ਵਿਦਿਆਰਥੀਆਂ ਦਾ ਡਾਟਾ ਮੁਕੰਮਲ ਤੌਰ ਤੇ ਪ੍ਰਾਪਤ ਕਰ ਲਿਆ ਜਾਵੇ , ਕਿਉਂਜੋ ਜਲਦੀ ਹੀ ਇਸ ਸਕੀਮ ਅਧੀਨ ਪੋਰਟਲ ਖੋਲ ਦਿੱਤਾ ਜਾਵੇਗਾ ।

ਸਹਾਇਕ ਡਾਇਰੈਕਟਰ (ਵਜੀਫਾ)